# ਬਾਬਾ ਫਰੀਦ ਯੂਨੀਵਰਸਿਟੀ ਆੱਫ ਹੈਲਥ ਸਾਇੰਸਿਜ਼ ਫਰੀਦਕੋਟ

## CLERK
## Punjabi Language Test
**(Under PILBS, Mohali)**

ਪ੍ਰਸ਼ਨ ਪੁਸਤਿਕਾ ਨੰ : [redacted]MPRESSION OF THE CANDIDATE

ਓ.ਆਰ.ਐੱਮ. (OMR) ਸ਼ੀਟ ਨੰ: [redacted]

ਰੋਲ ਨੰਬਰ: | | | | | | |

FULL SIGNATURE OF THE CANDIDATE

FULL SIGNATURE OF INVIGILATOR

FULL SIGNATURE OBSERVER

**ਸਮਾਂ 1.00 ਘੰਟਾ (ਸਵੇਰ 11.00 ਵਜੇ ਤੋਂ 12.00 ਵਜੇ ਤੱਕ)** **ਕੁੱਲ ਅੰਕ:50**

1. ਸਿਰਫ ਕਾਲਾ/ਨੀਲਾ ਬਾਲ ਪੈੱਨ ਦੀ ਹੀ ਵਰਤੋ ਕੀਤੀ ਜਾਵੇ, ਪੈਨਸਿਲ ਦੀ ਵਰਤੋ ਨਾ ਕੀਤੀ ਜਾਵੇ।
2. ਆਪਣਾ ਰੋਲ ਨੰਬਰ ਓ ਐਮ ਆਰ ਸ਼ੀਟ ਅਤੇ ਪ੍ਰਸ਼ਨ ਪੁਸਤਿਕਾ ਤੇ ਬਣੇ ਖਾਨੇ ਵਿੱਚ ਹੀ ਲਿਖਿਆਂ ਜਾਵੇ ਨਾ ਕਿ ਕਿਸੇ ਹੋਰ ਜਗ੍ਹਾਂ ਉਤੇ ਲਿਖਿਆਂ ਜਾਵੇ।
3. ਪ੍ਰਸ਼ਨ ਪੁਸਤਿਕਾ ਵਿੱਚ ਜਾਂ ਓ ਐੱਮ ਆਰ ਸ਼ੀਟ ਉੱਤੇ ਕਿਸੇ ਵੀ ਪ੍ਰਕਾਰ ਦਾ ਕੋਈ ਨਿਸ਼ਾਨ ਨਾ ਲਗਾਓ।
4. **50** ਉਦੇਸ਼ਵਾਦੀ ਪ੍ਰਸ਼ਨ ਅਤੇ ਇਨ੍ਹਾਂ ਸਾਰਿਆ ਦਾ **1-1** ਨੰਬਰ ਹੈ। ਪ੍ਰਸ਼ਨ ਦਾ ਉੱਤਰ ਦੇਣ ਤੇ ਪਹਿਲਾ ਜਾਂਚ ਜਰੂਰ ਕਰੋ ਕਿ ਉਸ ਦਾ ਸਹੀ ਉੱਤਰ ਕੀ ਹੈ।ਜਾਂਚ ਕਰੋ ਕਿ ਉੱਤਰ ਕਾਪੀ ਦੇ ਪੇਜ ਸਾਰੇ ਪੂਰੇ ਹਨ ਜੇਕਰ ਕੋਈ ਵੀ ਪੇਜ ਗਾਇਬ ਹੈ ਤਾਂ ਪ੍ਰੀਖਿਆ ਸ਼ੁਰੂ ਹੋਣ ਤੇ 5 **ਮਿੰਟ** ਪਹਿਲਾ ਸੈਂਟਰ ਸੁਪਰਡੈਂਟ ਨੂੰ ਸੂਚਿਤ ਕੀਤਾ ਜਾਵੇ।
5. **ਹਰੇਕ ਪ੍ਰਸ਼ਨ ਦੇ ਬਾਅਦ ਚਾਰ ਵਿਕਲਪਿਕ ਉੱਤਰਾਂ A, B, C, D, ਵਿਚੋਂ ਕੋਈ ਇੱਕ ਸਹੀ/ ਸਭ ਤੋ ਸਹੀ ਹੈ। ਜੇਕਰ ਸਾਰੇ ਗੋਲੇ** (ovals) **ਖਾਲੀ ਛੱਡ ਦਿੱਤੇ ਜਾਂਦੇ ਹਨ, ਤਾਂ ਹਰੇਕ ਅਜਿਹੇ ਪ੍ਰਸ਼ਨ ਲਈ 0.25 ਅੰਕ ਦੀ ਕਟੌਤੀ ਕੀਤੀ ਜਾਵੇਗੀ। ਪੰਜਵਾ ਗੋਲਾ** (E) (ਸੁਰੱਖਿਆ **ਮੰਤਵ ਲਈ ਹੈ ਜੇਕਰ ਤੁਸੀ ਕੋਈ ਪ੍ਰਸ਼ਨ ਹੱਲ ਨਹੀ ਕਰਨਾ ਚਾਹੁੰਦੇ ਤਾਂ ਗੋਲਾ (E) ਨੂੰ ਕਾਲਾ ਕੀਤਾ ਜਾਵੇ।**
6. ਪ੍ਰਸ਼ਨ ਪੁਸਤਿਕਾ ਨੂੰ ਜਦੋ ਖੋਲਣ ਲਈ ਕਿਹਾ ਜਾਵੇ ਤਾਂ ਉਸ ਦੀ ਸੀਲ ਨੂੰ ਧਿਆਨ ਨਾਲ ਹਟਾਇਆ ਜਾਵੇ। ਪ੍ਰੀਖਿਆਂ ਦਾ ਸਮਾਂ ਸਮਾਪਤ ਹੋਣ ਤੇ ਅਤੇ ਪ੍ਰੀਖਿਆਂ ਭਵਨ ਨੂੰ ਛੱਡਣ ਤੇ ਪਹਿਲਾ ਓ ਐਮ ਆਰ ਸ਼ੀਟ ਅਤੇ ਪ੍ਰਸ਼ਨ ਪੁਸਤਿਕਾ,ਡਿਊਟੀ ਤੇ ਹਾਜਿਰ ਅਧਿਕਾਰੀ ਨੂੰ ਸੌਂਪਿਆ ਜਾਵੇ।
7. ਕਿਸੇ ਵੀ ਸਥਿੱਤੀ ਵਿੱਚ ਓ ਐਮ ਆਰ ਸ਼ੀਟ ਅਤੇ ਪ੍ਰਸ਼ਨ ਪੁਸਤਿਕਾ ਜਾਂ ਉਸ ਦਾ ਕੋਈ ਭਾਗ ਜਾਂ ਉਸ ਵਿੱਚੋ ਕੁਝ ਕਾਪੀ ਜਾਂ ਨੋਟ ਕੀਤੀ ਸਮੱਗਰੀ ਪ੍ਰੀਖਿਆ ਭਵਨ ਤੇ ਬਾਹਰ ਨਾ ਲਿਜਾਈ ਜਾਵੇ। ਕੋਈ ਵੀ ਉਮੀਦਵਾਰ ਇਹ ਕਰਦਾ ਪਾਇਆ ਗਿਆ ਤਾਂ ਉਸ ਨੂੰ ਪ੍ਰੀਖਿਆਂ ਵਿੱਚੋ ਬਾਹਰ ਕੱਢ ਦਿੱਤਾ ਜਾਵੇਗਾ।
8. **ਪ੍ਰੀਖਿਆ ਪੂਰੀ ਹੋਣ ਤੋਂ ਬਾਅਦ ਉਮੀਦਵਾਰਾਂ ਨੂੰ ਆਪਣੀ ਪ੍ਰਸ਼ਨ ਪੁਸਤਿਕਾ ਲੈਣ ਦੀ ਇਜਾਜ਼ਤ ਹੈ, ਪਰ ਓ.ਐੱਮ.ਆਰ ਸ਼ੀਟ ਨੂੰ ਜਾਂਚਕਰਤਾ ਨੂੰ ਜਮ੍ਹਾ ਕਰਨਾ ਲਾਜ਼ਮੀ ਹੈ।**
9. ਜਿਹੜਾ ਉਮੀਦਵਾਰ ਪ੍ਰੀਖਿਆ ਵਿੱਚ ਕਿਸੇ ਕਿਸਮ ਦੀ ਗੜਬੜ ਪੈਦਾ ਕਰਦਾ ਹੈ ਜਾਂ ਆਪਣੀ ਸੀਟ ਬਦਲਦਾ ਹੈ ਜਾਂ ਉਸ ਕੋਲੋ ਕਿਸੇ ਕਿਸਮ ਦਾ ਪ੍ਰੀਖਿਆਂ ਵਿੱਚ ਸਹਾਇਤਾ ਲੈਣ ਵਾਲਾ ਕਾਗਜ ਮਿਲਦਾ ਹੈ ਤਾਂ ਉਸ ਨੂੰ ਸੈਂਟਰ ਸੁਪਰਡੈਟ/ ਅਬਜਰਵਰ ਦੁਆਰਾ ਪ੍ਰੀਖਿਆ ਵਿੱਚੋ ਬਾਹਰ ਕੱਢ ਦਿੱਤਾ ਜਾਵੇਗਾ, ਜਿਸ ਦਾ ਫੈਸਲਾ ਅੰਤਿਮ ਹੋਵੇਗਾ। ਇਸ ਉਦੇਸ਼ ਲਈ "**ਬਾਹਰ ਕੱਢੇ ਜਾਣ**" ਦਾ ਅਰਥ ਹੈ ਕਿ ਉਮੀਦਵਾਰ ਦੀ ਪੂਰੀ ਪ੍ਰੀਖਿਆਂ ਨੂੰ ਰੱਦ ਸਮਝਿਆ ਜਾਵੇਗਾ।
10. ਉਮੀਦਵਾਰ ਕਿਸੇ ਵੀ ਕਿਸਮ ਦੇ ਦੂਰਸੰਚਾਰ ਉਪਕਰਨ ਜਿਵੇ ਕਿ ਪੇਜਰ, ਸੈਲੂਲਰ ਫੋਨ, ਵਾਇਰਲੈਸ ਸੈੱਟ, ਬਲੂ ਟੂਥ ਡਵਾਈਸ, ਸਕੈਨਰ ਆਦਿ ਪ੍ਰੀਖਿਆ ਭਵਨ ਵਿੱਚ ਨਹੀ ਲਿਆ ਸਕਦਾ।
11. ਪ੍ਰਸ਼ਨ ਪੱਤਰਿਕਾ ਦਾ ਖਾਲੀ ਭਾਗ ਕੱਚਾ ਕੰਮ ਲਈ ਵਰਤਿਆ ਜਾ ਸਕਦਾ ਹੈ।
12. ਇਮਤਿਹਾਨ ਦੌਰਾਨ ਉਮੀਦਵਾਰ ਨੂੰ ਹਾਲ ਤੋ ਬਾਹਰ ਨਹੀ ਜਾਣ ਦਿੱਤਾ ਜਾਵੇਗਾ।
13. ਉਮੀਦਵਾਰ ਨੂੰ ਕਿਸੇ ਤੋ ਕਿਸੇ ਕਿਸਮ ਦੀ ਕੋਈ ਵੀ ਸਮੱਗਰੀ ਲੈਣ ਦੀ ਆਗਿਆ ਨਹੀ ਹੈ।
14. ਉੱਤਰ ਪੁਸਤਿਕਾ (ਓ ਐਮ ਆਰ ਸ਼ੀਟ) ਕੰਪਿਊਟਰ ਦੁਆਰਾ ਜਾਂਚੀ ਜਾਣੀ ਹੈ, ਜੇਕਰ ਦਿੱਤੀ ਗਈ ਹਦਾਇਤਾਂ ਦੀ ਪਾਲਣਾ ਪੂਰੀ ਤਰ੍ਹਾਂ ਨਹੀ ਕੀਤਗੀ ਗਈ ਤਾਂ ਹੋਣ ਵਾਲੇ ਨੁਕਸਾਨ ਦੀ ਜੁੰਮੇਵਾਰੀ ਉਮੀਦਵਾਰ ਦੀ ਹੋਵੇਗੀ।
15. ਉਮੀਦਵਾਰ ਨੂੰ ਪ੍ਰੀਖਿਆਂ ਭਵਨ ਵਿੱਚ ਧੂਮਰਪਾਨ/ ਖਾਣ ਦੀ ਵਸਤੂ ਵਰਤਨ ਦੀ ਆਗਿਆ ਨਹੀ ਹੈ।
16. ਪੁਰਸ਼ ਉਮੀਦਵਾਰ ਦੁਆਰਾ ਓ ਐਮ ਆਰ ਸ਼ੀਟ, ਪ੍ਰਸ਼ਨ ਪੁਸਤਿਕਾ ਅਤੇ ਹਾਜਰੀ ਸ਼ੀਟ ਤੇ ਨਿਰਧਾਰਤ ਜਗ੍ਹਾ ਉੱਤੇ ਖੱਬੇ ਹੱਥ ਦੇ ਅੰਗੂਠੇ ਦਾ ਨਿਸ਼ਾਂਨ ਅਤੇ ਇਸਤਰੀ ਉਮੀਦਵਾਰ ਦੁਆਰਾ ਓ ਐਮ ਆਰ ਸ਼ੀਟ, ਪ੍ਰਸ਼ਨ ਪੁਸਤਿਕਾ ਅਤੇ ਹਾਜਰੀ ਸ਼ੀਟ ਤੇ ਨਿਰਧਾਰਤ ਜਗ੍ਹਾ ਉੱਤੇ ਸੱਜੇ ਹੱਥ ਦੇ ਅੰਗੂਠੇ ਦਾ ਨਿਸ਼ਾਂਨ ਲਗਾਇਆ ਜਾਵੇ।
17. ਉਮੀਦਵਾਰ ਦੁਆਰਾ ਹਾਜਰੀ ਸ਼ੀਟ ਤੇ ਓ ਐਮ ਆਰ ਸ਼ੀਟ ਅਤੇ ਪ੍ਰਸ਼ਨ ਪੁਸਤਿਕਾ ਦਾ ਨੰਬਰ ਭਰਿਆਂ ਜਾਵੇ।
18. ਕਿਸੇ ਵੀ ਉਮੀਦਵਾਰ ਨੂੰ ਪ੍ਰੀਖਿਆ ਭਵਨ ਵਿੱਚੋ ਦੁਪਿਹਰ **12.00 ਵਜੇ** ਤੇ ਪਹਿਲਾਂ ਬਾਹਰ ਨਹੀ ਭੇਜਿਆ ਜਾਵੇਗਾ।

10. 'ਵਰ੍ਹੇ' ਸ਼ਬਦ ਦਾ ਕੀ ਅਰਥ ਹੈ?
a. ਦਿਨ b. ਮਹੀਨਾ c. ਸਾਲ d. ਇਹਨਾਂ ਵਿੱਚੋਂ ਕੋਈ ਨਹੀਂ

11. 'ਤਾਰਾ' ਦਾ ਬਹੁਵਚਨ ਦੱਸੋ।
a. ਤਾਰੀਆਂ b. ਤਾਰੇ c. ਤਾਰਾਂ d. ਤਾਰਾ

12. 'ਕੁਰਲਾਉਣ' ਦਾ ਕੀ ਅਰਥ ਹੈ?
a. ਉੱਚੀ-ਉਚੀ ਰੋਣਾ ਤੇ ਬੋਲਣਾ b. ਉੱਚੀ-ਉੱਚੀ ਹੱਸਣਾ c. ਉੱਚੀ-ਉੱਚੀ ਬੋਲਣਾ d. ਉਪਰੋਕਤ ਸਾਰੇ

13. 'ਹਿੰਮਤ' ਦਾ ਸਮਾਨਾਰਥੀ ਸ਼ਬਦ ਕਿਹੜਾ ਹੈ?
a. ਗਰੀਬੀ b. ਦਿਆਲਤਾ c. ਦਲੇਰੀ d. ਕਮਜ਼ੋਰੀ

14. ਨਾਂਵ ਕਿੰਨੇ ਪ੍ਰਕਾਰ ਦੇ ਹੁੰਦੇ ਹਨ?
a. 8 b. 7 c. 6 d. 5

15. 'ਮਦਰੱਸਾ' ਸ਼ਬਦ ਤੋਂ ਕੀ ਭਾਵ ਹੈ?
a. ਹਸਪਤਾਲ b. ਮੈਦਾਨ c. ਸਕੂਲ, ਪਾਠਸ਼ਾਲਾ d. ਖੇਤ

16. ਇਹਨਾਂ ਵਿੱਚੋਂ ਕਿਹੜੀ ਖੇਡ ਸਟੇਡੀਅਮ ਵਿੱਚ ਖੇਡੀ ਜਾਂਦੀ ਹੈ?
a. ਕ੍ਰਿਕਟ b. ਤਾਸ਼ c. ਸ਼ਤਰੰਜ d. ਰੱਸੀ ਟੱਪਾ

17. 'ਤਾਲੇ' ਸ਼ਬਦ ਦਾ ਸਮਾਨਾਰਥਕ ਸ਼ਬਦ ਲਿਖੋ :
a. ਕੁੰਡਾ b. ਜੰਦਰਾ c. ਚਿਟਕਣੀ d. ਕੁੰਜੀ

18. 'ਵਰਦਾਜ਼ੇ' ਸ਼ਬਦ ਦਾ ਸਹੀ ਰੂਪ ਹੈ?
a. ਰਜਾਦਵੇ b. ਦਾਜੇਵਰ c. ਵਰਜੇਦਾ d. ਦਰਵਾਜ਼ੇ

19. 'ਰਬਿੰਦਰ ਨਾਥ ਟੈਗੋਰ ਕਵਿਤਾ, ਕਹਾਣੀ ਤੇ ਨਾਟਕ ਲਿਖਦੇ ਸਨ', ਵਾਕ ਵਿੱਚੋਂ ਖ਼ਾਸ ਨਾਂਵ ਚੁਣੋ?
a. ਰਬਿੰਦਰ ਨਾਥ ਟੈਗੋਰ b. ਕਹਾਣੀ c. ਨਾਟਕ d. ਲਿਖਦੇ

20. 'ਨਵਾਬ' ਦਾ ਇਸਤਰੀ ਲਿੰਗ ਕੀ ਹੈ?
a. ਨਵਾਬੀ b. ਬੇਗਮ c. ਵਹੁਟੀ d. ਸ੍ਰੀਮਤੀ

21. 'ਇੱਕ ਅਨਾਰ ______________' ਅਖੌਤ ਪੂਰੀ ਕਰੋ?
a. ਇੱਕ ਅਨਾਰ ਦੋ ਹਜ਼ਾਰ b. ਇੱਕ ਅਨਾਰ ਪੰਜ ਰੁਪਏ c. ਇੱਕ ਅਨਾਰ ਸੌ ਬਿਮਾਰ d. ਇਕ ਅਨਾਰ ਦਸ ਹਜਾਰ

22. ਪੰਜਾਬੀ ਭਾਸ਼ਾ ਦੀ ਲਿਪੀ ਕਿਹੜੀ ਹੈ?
a. ਦੇਵਨਾਗਰੀ b. ਵਰਨਮਾਲਾ c. ਰੋਮਨ d. ਗੁਰਮੁਖੀ

23. ਕਿਸੇ ਭਾਸ਼ਾ ਵਿੱਚ ਕੰਮ ਕਰਦੇ ਨਿਯਮਾਂ ਨੂੰ ਸਮਝਣ ਵਾਲੀ ਵਿੱਦਿਆ ਨੂੰ ਕੀ ਕਹਿੰਦੇ ਹਨ?
a. ਲਿਪੀ b. ਵਿਆਕਰਣ c. ਵਰਣਮਾਲਾ d. ਇਹਨਾਂ ਵਿੱਚੋਂ ਕੋਈ ਨਹੀਂ

24. 'ਡੰਡੀ' ਸ਼ਬਦ ਦਾ ਅਰਥ ਹੈ?
a. ਇੱਕ ਫਲ b. ਤੰਗ ਰਸਤਾ c. ਸੈਰ d. ਸੂਰਜ

25. 'ਹੱਥ ਮਲਣਾ' ਮੁਹਾਵਰੇ ਦਾ ਅਰਥ ਹੈ?
a. ਪਛਤਾਵਾ ਕਰਨਾ b. ਗਰੀਬੀ ਆ ਜਾਣੀ c. ਮਦਦ ਕਰਨੀ d. ਕੋਸ਼ਿਸ ਕਰਨੀ

26. ਹੇਠ ਲਿਖਿਆਂ ਵਿੱਚੋਂ ਪੜਨਾਂਵ ਚੁਣੋ:
a. ਆਪ b. ਵਿੱਚ c. ਗਿਆ d. ਇਹ ਸਾਰੇ

27. ਹੇਠ ਲਿਖਿਆਂ ਵਿੱਚੋਂ ਅਨਿਸ਼ਚੇ ਵਾਚਕ ਪੜਨਾਂਵ ਚੁਣੋ:
a. ਰਾਮ b. ਪਾਣੀ c. ਕਈ d. ਇਹ ਸਾਰੇ

28. ਭਾਵਵਾਚਕ ਨਾਂਵ ਚੁਣੋ:

a. ਮੇਲਾ b. ਸੋਨਾ c. ਸ਼ਹਿਰ d. ਪ੍ਰੇਮ-ਪਿਆਰ

29. ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੀ ਮਹਾਨਤਾ ਕਿਸ ਸ਼ਬਦ ਵਿੱਚ ਦੱਸੀ ਹੈ?

a. ਗਗਨ ਮੈ ਥਾਲੁ b. ਸੋ ਕਿਉ ਮੰਦਾ ਆਖੀਐ c. ਪਵਣੁ ਗੁਰੁ ਪਾਣੀ ਪਿਤਾ d. ਇਹਨਾਂ ਵਿੱਚੋਂ ਕੋਈ ਨਹੀਂ

30. ਗੁਰੂ ਅਮਰਦਾਸ ਜੀ ਨੇ ਬਾਣੀ ਕਿੰਨੇ ਰਾਗਾਂ ਵਿੱਚ ਰਚੀ ਹੈ?

a. 17 ਰਾਗਾਂ ਵਿੱਚ b. 19 ਰਾਗਾਂ ਵਿੱਚ c. 21 ਰਾਗਾਂ ਵਿੱਚ d. 27 ਰਾਗਾਂ ਵਿੱਚ

31. ਦੇਸੀ ਮਹੀਨੇ ਦੀ ਪਹਿਲੀ ਤਿੱਥ ਨੂੰ ਕਿਸ ਨਾਲ ਮਨਾਇਆ ਜਾਂਦਾ ਹੈ?

a. ਮੱਸਿਆ b. ਸੰਗਰਾਂਦ c. ਪੁਨਿੰਆ d. ਇਹਨਾਂ ਵਿੱਚੋਂ ਕੋਈ ਨਹੀਂ

32. ਗੁਰੂ ਅਰਜਨ ਦੇਵ ਜੀ ਕਿਸ ਕਾਵਿ ਧਾਰਾ ਦੇ ਕਵੀ ਸਨ?

a. ਸੂਫ਼ੀ ਕਾਵਿ b. ਬੀਰ ਕਾਵਿ c. ਗੁਰਮਤਿ ਕਾਵਿ d. ਇਹਨਾਂ ਵਿੱਚੋਂ ਕੋਈ ਨਹੀਂ

33. ਸ਼੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਿਸ ਗੁਰੂ ਨੇ ਕਰਵਾਈ?

a. ਗੁਰੂ ਨਾਨਕ ਦੇਵ ਜੀ b. ਗੁਰੂ ਗੋਬਿੰਦ ਸਿੰਘ ਜੀ c. ਗੁਰੂ ਅਮਰਦਾਸ ਜੀ d. ਗੁਰੂ ਅਰਜਨ ਦੇਵ ਜੀ

34. 'ਚੰਡੀ ਦੀ ਵਾਰ' ਕਿਸਦੀ ਰਚਨਾ ਹੈ?

a. ਗੁਰੂ ਨਾਨਕ ਦੇਵ ਜੀ b. ਗੁਰੂ ਗੋਬਿੰਦ ਸਿੰਘ ਜੀ c. ਗੁਰੂ ਅਮਰਦਾਸ ਜੀ d. ਗੁਰੂ ਅਰਜਨ ਦੇਵ ਜੀ

35. ਸੰਵਿਧਾਨ ਤਿਆਰ ਕਰਨ ਵਾਲੀ ਕਮੇਟੀ ਦੇ ਚੇਅਰਮੈਨ ਕੌਣ ਸਨ?

a. ਡਾ. ਭੀਮ ਰਾਓ ਅੰਬੇਡਕਰ b. ਪੰਡਿਤ ਨਹਿਰੂ c. ਐਮ. ਐਨ. ਮੇਨਨ d. ਇਹਨਾਂ ਵਿੱਚੋਂ ਕੋਈ ਨਹੀਂ

36. ਸ਼ਹੀਦ ਭਗਤ ਸਿੰਘ ਦੀ ਸਮਾਧ ਕਿਥੇ ਬਣੀ ਹੋਈ ਹੈ?

a. ਬਠਿੰਡਾ b. ਅਟਾਰੀ c. ਹੁਸੈਨੀਵਾਲਾ d. ਇਹਨਾਂ ਵਿੱਚੋਂ ਕੋਈ ਨਹੀਂ

37. ਭਗਤ ਸਿੰਘ ਨੇ ਹਿੰਦੁਸਤਾਨ ਰਿਪਬਲੀਕਨ ਐਸੋਸੀਏਸ਼ਨ ਦਾ ਨਾਮ ਬਦਲ ਕੇ ਕੀ ਨਾਮ ਰੱਖਿਆ?

a. ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ b. ਨੌਜਵਾਨ ਭਾਰਤ ਸਭਾ

c. ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ d. ਇਹਨਾਂ ਵਿੱਚੋਂ ਕੋਈ ਨਹੀਂ

38. ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਸੰਸਕ੍ਰਿਤ ਪੜ੍ਹਨ ਲਈ ਕਿਸ ਵਿਦਵਾਨ ਕੋਲ ਭੇਜਿਆ ਗਿਆ?

a. ਗੋਪਾਲ ਪਾਂਧੇ ਕੋਲ b. ਕਾਜ਼ੀ ਕੁਤਬਦੀਨ ਕੋਲ c. ਰਾਇ ਬੁਲਾਰ ਕੋਲ d. ਬ੍ਰਿਜ ਲਾਲ/ ਬੈਜ ਨਾਥ ਕੋਲ

39. 'ਗੁਲਾਬ ਦਾ ਫੁੱਲ ਤੋੜਨ ਵਾਲੇ ਨੂੰ ' ਕਵਿਤਾ ਕਿਸਦੀ ਰਚਨਾ ਹੈ?

a. ਅੰਮ੍ਰਿਤਾ ਪ੍ਰੀਤਮ b. ਨਾਨਕ ਸਿੰਘ c. ਭਾਈ ਵੀਰ ਸਿੰਘ d. ਪਾਸ਼

40. ਕਿਸ ਗੁਰੂ ਸਾਹਿਬਾਨ ਜੀ ਨੇ ਲੋਹਗੜ੍ਹ ਦਾ ਕਿਲ੍ਹਾ ਸਥਾਪਿਤ ਕੀਤਾ?

a. ਗੁਰੂ ਹਰ ਰਾਏ ਜੀ b. ਗੁਰੂ ਗੋਬਿੰਦ ਸਿੰਘ ਜੀ c. ਗੁਰੂ ਤੇਗ ਬਹਾਦਰ ਜੀ d. ਗੁਰੂ ਹਰਗੋਬਿੰਦ ਜੀ

41. 'ਜਿਹੜਾ ਬਹੁਤ ਗੱਲਾਂ ਕਰੇ' ਨੂੰ ਇੱਕ ਸ਼ਬਦ ਵਿੱਚ ਕੀ ਕਿਹਾ ਜਾਂਦਾ ਹੈ?

a. ਗਾਲੜੀ b. ਮੂਕ c. ਗੱਲਾਂ d. ਇਹਨਾਂ ਵਿੱਚੋਂ ਕੋਈ ਨਹੀਂ

42. ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨਾਂ ਦੀ ਬਾਣੀ ਦਰਜ ਹੈ?

a. ਸ਼ਾਹ ਹੁਸੈਨ b. ਪੀਲੂ c. ਭਗਤ ਕਬੀਰ d. ਇਹਨਾਂ ਵਿੱਚੋਂ ਕੋਈ ਨਹੀਂ

43. ਮੀਰੀ – ਪੀਰੀ ਦੀ ਸਥਾਪਨਾ ਕਿੰਨਾ ਨੇ ਕੀਤੀ?

a. ਗੁਰੂ ਗੋਬਿੰਦ ਸਿੰਘ ਜੀ b. ਗੁਰੂ ਹਰਗੋਬਿੰਦ ਜੀ c. ਗੁਰੂ ਅਮਰਦਾਸ ਜੀ d. ਇਹਨਾਂ ਵਿੱਚੋਂ ਕੋਈ ਨਹੀਂ

44. ਕਾਰਕ ਦੇ ਕਿੰਨੇ ਪ੍ਰਕਾਰ ਹੁੰਦੇ ਹਨ?

a. 6 b. 5 c. 7 d. 8

45. ਇਹਨਾਂ ਵਿੱਚੋਂ ਕਿਹੜਾ ਗੁਰੂਦੁਆਰਾ ਸਾਹਿਬ ਪਾਕਿਸਤਾਨ ਵਿੱਚ ਹੈ?

a. ਬੇਰੀ ਸਾਹਿਬ b. ਪਾਉਂਟਾ ਸਾਹਿਬ c. ਪੰਜਾ ਸਾਹਿਬ d. ਇਹਨਾਂ ਵਿੱਚੋਂ ਕੋਈ ਨਹੀਂ

46. ਪਾਉਂਚੀਆਂ ਨਾਮ ਦਾ ਗਹਿਣਾ ਕਿਸ ਅੰਗ ਤੇ ਪਾਇਆ ਜਾਂਦਾ ਹੈ?

a. ਪੈਰ b. ਗੁੱਟ c. ਗਰਦਨ d. ਲੱਕ

47. ਮਾਘੀ ਦਾ ਮੇਲਾ ਕਿਹੜੇ ਮਹੀਨੇ ਵਿੱਚ ਆਉਂਦਾ ਹੈ?

a. ਜਨਵਰੀ b. ਮਾਰਚ c. ਅਗਸਤ d. ਇਹਨਾਂ ਵਿੱਚੋਂ ਕੋਈ ਨਹੀਂ

48. ਦੀਵਾਲੀ ਦਾ ਤਿਉਹਾਰ ਕਿਹੜੇ ਦੇਸੀ ਮਹੀਨੇ ਵਿੱਚ ਮਨਾਇਆ ਜਾਂਦਾ ਹੈ?

a. ਫੱਗਣ b. ਜੇਠ c. ਭਾਦੋਂ d. ਕੱਤਕ

49. ਰਾਵੀ ਤੇ ਬਿਆਸ ਦਰਿਆਵਾਂ ਦੇ ਵਿਚਕਾਰ ਕਿਹੜੀ ਉਪਭਾਸਾ ਬੋਲੀ ਜਾਂਦੀ ਹੈ?

a. ਦੁਆਬੀ b. ਮਲਵਈ c. ਮਾਝੀ d. ਪੋਠੋਹਾਰੀ

50. ਵਿਆਕਰਨ ਦੇ ਜਿਸ ਭਾਗ ਵਿੱਚ ਧੁਨੀਆਂ ਦਾ ਅਧਿਐਨ ਕੀਤਾ ਜਾਂਦਾ ਹੈ, ਉਸ ਨੂੰ ਕੀ ਕਹਿੰਦੇ ਹਨ?

a. ਭਾਸ਼ਾ b. ਧੁਨੀ – ਬੋਧ c. ਲਿਪੀ d. ਵਰਣਮਾਲਾ